
ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਸੰਗਰੂਰ ਜ਼ੋਨ)



## :: ਪ੍ਰੋਗਰਾਮ ::

**ਮਿਤੀ 5 ਨਵੰਬਰ 2023 ਦਿਨ ਐਤਵਾਰ : ਸਮਾਂ ਸਵੇਰੇ 10:00 ਵਜੇ**

ਮੁੱਖ ਮਹਿਮਾਨ :

**ਸਰਦਾਰ ਭਗਵੰਤ ਸਿੰਘ ਮਾਨ**

ਮਾਣਯੋਗ ਮੁੱਖ ਮੰਤਰੀ, ਪੰਜਾਬ

ਪ੍ਰਧਾਨਗੀ :

**ਸ੍ਰੀ ਅਮਨ ਅਰੋੜਾ**

ਮਾਣਯੋਗ ਕੈਬਨਿਟ ਮੰਤਰੀ, ਪੰਜਾਬ

ਗੈਸਟ ਆਫ ਆਨਰ :

**ਪ੍ਰੋਫੈਸਰ (ਡਾ.) ਅਰਵਿੰਦ**

ਮਾਣਯੋਗ ਵਾਈਸ ਚਾਂਸਲਰ, ਪੰਜਾਬੀ ਯੂਨੀ. ਪਟਿਆਲਾ

ਵਿਸ਼ੇਸ਼ ਮਹਿਮਾਨ

**ਸ. ਮਨਜੀਤ ਸਿੰਘ ਸਿੱਧੂ (ਲਾਲੀ)**
ਓ.ਐਸ.ਡੀ. ਮੁੱਖ ਮੰਤਰੀ ਪੰਜਾਬ

**ਡਾ. ਅੰਮ੍ਰਿਤਪਾਲ ਸਿੰਘ ਸਿੱਧੂ**
ਓ.ਐਸ.ਡੀ. ਕੈਬਿਨਟ ਮੰਤਰੀ
ਸ੍ਰੀ ਅਮਨ ਅਰੋੜਾ ਪੰਜਾਬ

**ਸ੍ਰੀ ਕਰਮਜੀਤ ਅਨਮੋਲ**
ਪੰਜਾਬੀ ਫਿਲਮੀ ਅਦਾਕਾਰ

**ਸ. ਹਰਵਿੰਦਰ ਸਿੰਘ ਵਿਰਕ**
ਡੀ.ਸੀ.ਪੀ. ਇਨਵੈਸਟੀਗੇਸ਼ਨ, ਜਲੰਧਰ

**ਪੰਮੀ ਬਾਈ**
ਪੰਜਾਬੀ ਕਲਾਕਾਰ

**ਸ. ਗੁਰਿੰਦਰਜੀਤ ਸਿੰਘ ਧਾਲੀਵਾਲ**
ਜਿਲ੍ਹਾ ਭਲਾਈ ਅਫਸਰ, ਬਰਨਾਲਾ

**ਸ੍ਰੀ ਕਰਤਾਰ ਚੀਮਾਂ**
ਫਿਲਮੀ ਅਦਾਕਾਰ

**ਸ. ਗੁਰਿੰਦਰ ਸਿੰਘ ਗਰੇਵਾਲ (ਕੁੱਕੂ)**
ਸਾਬਕਾ ਪ੍ਰਧਾਨ ਓ.ਐਸ.ਏ.

**ਸ੍ਰੀ ਨੀਰਜ ਖੰਨਾ**
ਐਮ.ਡੀ. ਨਾਭਾ

**ਸ. ਕੰਵਲਜੀਤ ਢੀਂਡਸਾ**

**ਸ. ਜਗਸੀਰ ਜੱਗੀ**

ਸਟੇਜ-1
* ਸ਼ਾਸਤਰੀ ਨ੍ਰਿਤ
* ਰਵਾਇਤੀ ਪਹਿਰਾਵਾ ਪ੍ਰਦਰਸ਼ਨੀ
* ਰਵਾਇਤੀ ਲੋਕ-ਗੀਤ (ਲੰਮੀਆਂ ਹੇਕਾਂ ਵਾਲੇ ਗੀਤ)
* ਗਿੱਧਾ

ਸਟੇਜ-2
* ਸ਼ਾਸਤਰੀ ਸੰਗੀਤ ਵਾਦਨ (ਤਾਲ)
* ਸ਼ਾਸਤਰੀ ਸੰਗੀਤ ਵਾਦਨ (ਸਵਰ)

ਸਟੇਜ-3
* ਕਲੀ ਗਾਇਨ
* ਵਾਰ ਗਾਇਨ
* ਕਵੀਸ਼ਰੀ






# ਖੇਤਰੀ ਯੁਵਕ ਮੇਲਾ ਅਤੇ ਲੋਕ ਮੇਲਾ

(ਸੰਗਰੂਰ ਜ਼ੋਨ)

## ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਮਿਤੀ 2-3-4-5 ਨਵੰਬਰ 2023**

ਸਥਾਨ:

## ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ

ਸੁਨਾਮ (ਜਿਲ੍ਹਾ ਸੰਗਰੂਰ)



**ਡਾ. ਹਰਵਿੰਦਰ ਸਿੰਘ**
ਪ੍ਰਿੰਸੀਪਲ

**ਡਾ. ਅਚਲਾ**
ਵਾਈਸ ਪ੍ਰਿੰਸੀਪਲ

**ਡਾ. ਗਗਨਦੀਪ ਥਾਪਾ**
ਡਾਇਰੈਕਟਰ,
ਯੁਵਕ ਭਲਾਈ ਵਿਭਾਗ,
ਪੰਜਾਬੀ ਯੂਨੀ. ਪਟਿਆਲਾ

**ਪ੍ਰੋ: ਰਾਜਵੀਰ ਕੌਰ**
ਯੂਥ ਕੋ-ਆਰਡੀਨੇਟਰ

**ਪ੍ਰੋ: ਸੰਦੀਪ ਕੌਰ**
ਕਨਵੀਨਰ

ਸਟਾਫ਼ ਮੈਂਬਰਜ਼ (ਟੀਚਿੰਗ, ਨਾਨ-ਟੀਚਿੰਗ) ਅਤੇ ਸਮੂਹ ਵਿਦਿਆਰਥੀ


ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਸੰਗਰੂਰ ਜ਼ੋਨ)
ਖੇਤਰੀ ਯੁਵਕ ਮੇਲਾ ਅਤੇ ਲੋਕ ਮੇਲਾ


ਪੰਜਾਬੀ ਯੂਨੀਵਰਸਿਟੀ


(ਸੰਗਰੂਰ ਜ਼ੋਨ)
ਯੁਵਕ ਮੇਲਾ ਅਤੇ ਲੋਕ ਮੇਲਾ
ਊਧਮ ਸਿੰਘ
ਸੁਨਾਮ



दैनिक सवेरा टाइम्स
अंधेरे से उजाले की ओर...

# योग्य नौजवानों का इंतजार कर रही हैं सरकारी नौकरियां : सी.एम.

## अब कोई सिफारिश या रिश्वत नहीं चलती, बल्कि मैरिट के आधार पर काम हो रहे

**सवेरा न्यूज/सुशील**

सुनाम ऊधम सिंह वाला, 5 नवंबर : मुख्यमंत्री भगवंत सिंह मान ने कहा कि पंजाब के नौजवानों का उनकी योग्यता के आधार पर सरकारी नौकरियां इंतजार कर रही हैं। अब कोई सिफारिश या रिश्वत नहीं चलती, बल्कि मैरिट के आधार पर काम हो रहे हैं। मुख्यमंत्री भगवंत सिंह मान रविवार को सुनाम के शहीद ऊधम सिंह सरकारी कालेज में चल रहे युवक क्षेत्रीय मेले में मुख्यातिथि के रूप में पहुंचे थे। उन्होंने कहा कि सफलता का एकमात्र रास्ता कड़ी मेहनत है। कालेज के इसी मंच की स्टेज ने उनकी भी तकदीर बदली। उन्होंने छात्रों को जीत का जनून जिंदा रखने का आह्वान करते कहा कि सपने ऐसे देखें जो रात को सोने नहीं दें। किसी भी क्षेत्र को चुने और पूरी शिद्दत से मुकाम हासिल करने में जुट जाएं। किसी की सफलता से परेशान न हों बल्कि मेहनत करके खुद सफल होने का प्रयास करें। समारोह को संबोधित करते हुए कैबिनेट मंत्री अमन अरोड़ा ने मुख्यमंत्री भगवंत सिंह मान का आभार जताया। इस मौके पर पंजाबी यूनिवर्सिटी पटियाला के वाइस चांसलर डा. अरविंद, प्रिंसिपल डा. हरविंदर सिंह, विधायक वरिंदर गोयल, विधायक नरिंदर कौर भराज, चेयरमैन जसवीर कुदनी, पालीवुड अभिनेता कर्मजीत अनमोल, पम्मी बाई आदि उपस्थित थे।



मुख्यमंत्री भगवंत सिंह मान को सम्मानित करते मंत्री अमन अरोड़ा व कालेज स्टाफ।

## सी.एम. भगवंत सिंह मान ने दिया युवाओं को सफलता का मंत्र

# 'नया और अलग सोचो, कामयाबी आपके कदम चूमेगी'

**मुख्यमंत्री बनने के** बाद भगवंत सिंह मान रविवार को पहली बार सुनाम में शहीद ऊधम सिंह सरकारी कालेज पहुंचे। भगवंत सिंह मान इसी कालेज के छात्र रहे हैं। उन्होंने अपने कालेज के दिनों को याद किया। खुद में जीतने के जुनून का उदाहरण देते मुख्यमंत्री ने कहा कि कालेज के दिनों में वह अपने दोस्त पंजाबी अभिनेता कर्मजीत अनमोल के साथ नंगल कालेज में यूथ फैस्टिवल में भाग लेने गए थे। सुनाम कालेज को पता था कि हम दोनों छात्र वहां प्रदर्शन करने गए हैं। वहां पहुंच कर उन्हें डर सताने लगा कि यदि कोई पुरस्कार नहीं जीता तो कालेज में बेइज्जती सहनी पड़ेगी। इससे बचने के लिए हम दोनों ने बाजार से एक मोमैंटो खरीद लिया। लेकिन यूथ फैस्टिवल में उन्होंने 4-5 पुरस्कार जीत लिए। मुख्यमंत्री ने कहा कि खरीदा हुआ मोमैंटो आज भी उनके सतौज गांव के घर में रखा है, जो उन्हें हमेशा प्रेरित करता है। सीएम भगवंत मान ने युवाओं से कहा कि नया सोचें, अलग सोचें। आज के दौर में सोच का दायरा विशाल हो गया है। नया आइडिया लाने का जमाना है। इस नीति पर चलोगे तो सफलता आपके कदम चूमेगी।

### मुख्यमंत्री भगवंत सिंह मान ने खूब बटोरी तालियां

**मुख्यमंत्री भगवंत सिंह** मान अपने कालेज में छात्र की तरह पेश आए। उन्होंने छात्रों से खुलकर अपने जज्बात व कालेज दिनों के किस्से सांझा किए। मुख्यमंत्री भगवंत सिंह मान ने कहा कि जब वह पहली बार स्टेज पर चढ़े तो उनकी टांगें कांपने लगी थी। कामेडी का तड़का लगाते हुए उन्होंने कहा कि उन्हें तब पता चला कि लैक्चर स्टैंड इन कांपती टांगों को छुपाने के लिए रखा जाता है। उन्होंने बताया कि कालेज के दिनों में उनकी अखबारों में खबरों के जरिए चर्चा हुई। उन्होंने अपने कैरियर में कई अहम मुकाम हासिल किए और यह कालेज की देन है। समारोह के दौरान मुख्यमंत्री भगवंत मान, मोबाइल सुनते हुए अचानक बड़ी तेजी से पंडाल से बाहर निकल गए। सुरक्षा अधिकारी उनके पीछे भागे और कुछ मिनट बाद मुख्यमंत्री पंडाल में वापस लौटे। तब जाकर छात्रों व कालेज स्टाफ ने राहत की सांस ली।

अमर उजाला जालंधर युवा You

# योग्य नौजवानों का इंतजार कर रहीं नौकरियां : सीएम

## शहीद ऊधम सिंह सरकारी कॉलेज के क्षेत्रीय मेले में पहुंचे भगवंत मान

संवाद न्यूज एजेंसी

सुनाम ऊधम सिंह वाला। मुख्यमंत्री भगवंत मान ने कहा कि पंजाब के नौजवानों का उनकी योग्यता के आधार पर सरकारी नौकरियां इंतजार कर रही हैं।

अब कोई सिफारिश या रिश्वत नहीं चलती बल्कि मेरिट के आधार पर काम हो रहे हैं। मुख्यमंत्री भगवंत मान रविवार को सुनाम के शहीद ऊधम सिंह सरकारी कॉलेज में चल रहे युवक क्षेत्रीय मेले में बतौर मुख्यातिथि पहुंचे थे। उन्होंने कहा कि सफलता का एकमात्र रास्ता कड़ी मेहनत है। उन्होंने छात्रों को जीत का जुनून जिंदा रखने का आह्वान करते कहा कि सपने ऐसे देखें जो रात को सोने नहीं दें। किसी भी क्षेत्र को चुनें और पूरी शिद्दत से मुकाम हासिल करने में जुट जाएं। मुख्यमंत्री भगवंत मान ने सुनाम कॉलेज में डिजीटल लाइब्रेरी, कामर्स विभाग का नया ब्लॉक बनाने और आधुनिक स्टेडियम बनाने की घोषणा की।



मुख्यमंत्री भगवंत मान को स्मृति चिह्न देते कॉलेज प्रबंधन के सदस्य। संवाद

पंजाब केसरी
MON,06 NOVEMBER 2023
EDITION: JALANDHAR, PAGE NO. 3

# युवाओं के व्यक्तित्व को निखारने का उपयुक्त मंच है यूथ फैस्टीवल : भगवंत मान

## कहा-युवा मेलों ने मुझे कलाकार के रूप में और अब राजनेता के रूप में आगे बढ़ने में मदद की

संगरूर/सुनाम/चंडीगढ़/जालंधर, 5 नवम्बर (सिंगला, बांसल, हरिश्चंद्र, धवन): मुख्यमंत्री भगवंत मान ने कहा कि पंजाब सरकार राज्य के युवाओं का सर्वांगीण विकास सुनिश्चित करने के लिए प्रतिबद्ध है।

मुख्यमंत्री ने यूथ फैस्टीवल की अध्यक्षता करने के बाद कहा कि राज्य सरकार युवाओं के कल्याण के लिए कोई कसर नहीं छोड़ रही है। एक तरफ युवाओं को रोजगार उपलब्ध कराने के लिए विशेष कदम उठाए गए हैं तो दूसरी तरफ उनकी असीम ऊर्जा को सही दिशा में लगाने के लिए बड़े प्रयास किए गए हैं। ये पहल आने वाले दिनों में भी जारी रखी जाएगी, जिसके लिए राज्य सरकार ने पहले ही खाका तैयार कर लिया है।

मुख्यमंत्री ने कहा कि जिस तरह हवाई अड्डों पर रनवे हवाई जहाज को ठीक से उड़ान भरने में मदद करते हैं, उसी तरह राज्य सरकार युवाओं को उनके सपनों को साकार करने



*मुख्यमंत्री भगवंत मान को सम्मानित करते कालेज प्रबंधक, साथ हैं कैबिनेट मंत्री अमन अरोड़ा व अन्य।* (सिंगला)

में मदद कर रही है। उन्होंने युवाओं से आह्वान किया कि वे समाज में अपनी पहचान स्थापित करने के लिए हर संभव प्रयास करें।

मुख्यमंत्री ने युवाओं से अपील की कि वे विनम्रता से काम करें और अधिक सफलता हासिल करने के लिए कड़ी मेहनत करें। आत्मविश्वास और सकारात्मक दृष्टिकोण हर व्यक्ति के व्यक्तित्व का मूल गुण होना चाहिए लेकिन इसमें अहंकार नहीं होना चाहिए। हर क्षेत्र में सफलता की पटकथा लिखने की यही कुंजी है और इसे सही तरीके से लागू किया जाना चाहिए।

मुख्यमंत्री ने अपने कॉलेज के दिनों को याद करते हुए कहा कि यूथ फैस्टीवल युवाओं के समग्र व्यक्तित्व को निखारने में एक मंच की भूमिका निभाते हैं। युवा मेलों ने मुझे एक कलाकार के रूप में और अब एक राजनेता के रूप में जीवन में आगे बढ़ने में मदद की है। युवाओं को भी अपने व्यक्तित्व विकास के लिए इन प्लेटफार्मों का उचित उपयोग करना चाहिए।

अपने कॉलेज के दिनों को याद करते हुए मुख्यमंत्री ने कहा कि उन्होंने विभिन्न युवा मेलों में प्रदर्शन किया और कॉलेज के लिए ट्रॉफियां जीतीं। भगवंत मान ने कहा, 'जीतना मेरा एकमात्र जुनून है और जीत के प्रति मेरा दृष्टिकोण हमेशा सकारात्मक रहता है। युवाओं को भी कड़ी मेहनत पर विश्वास करना चाहिए क्योंकि यही सफलता की कुंजी है।'

मुख्यमंत्री ने कहा कि यह कॉलेज उन्हें सफल और अच्छा इंसान बनने का मंच प्रदान करता है। कॉलेज प्रबंधन की मांगों के जवाब में उन्होंने कहा कि डिजिटल लाइब्रेरी, 8 कमरे, इनडोर स्टेडियम और अन्य मांगें भी जल्द पूरी की जाएंगी।

ਪੰਜਾਬੀ ਜਾਗਰਣ

# ਯੋਗ ਪੰਜਾਬੀ ਨੌਜਵਾਨਾਂ ਨੂੰ ਉਡੀਕ ਰਹੀਆਂ ਨੌਕਰੀਆਂ : ਮਾਨ

ਦਰਸ਼ਨ ਸਿੰਘ ਚੌਹਾਨ, ਸੁਨਾਮ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਉਨ੍ਹਾਂ ਦੀ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਉਡੀਕ ਰਹੀਆਂ ਹਨ, ਹੁਣ ਕੋਈ ਸਿਫ਼ਾਰਸ਼ ਜਾਂ ਰਿਸ਼ਵਤਖੋਰੀ ਨਹੀ ਸਗੋਂ ਯੋਗਤਾ ਦੇ ਆਧਾਰ 'ਤੇ ਕੰਮ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਐਤਵਾਰ ਨੂੰ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਵਿਖੇ ਕਰਵਾਏ ਚਾਰ ਰੋਜ਼ਾ ਖੇਤਰੀ ਯੁਵਕ ਮੇਲੇ ਦੇ ਅਖ਼ੀਰਲੇ ਦਿਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਲਈ ਪੁੱਜੇ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਸਫਲਤਾ ਦਾ ਇੱਕੋ ਇਕ ਰਾਹ ਸਖ਼ਤ ਮਿਹਨਤ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਜਿੱਤ ਦੇ ਜਜ਼ਬੇ ਨੂੰ ਬਰਕਰਾਰ ਰੱਖਣ ਦਾ ਸੱਦਾ ਦਿੰਦਿਆਂ ਕਿਹਾ ਕਿ ਉਹ ਅਜਿਹੇ ਸੁਪਨੇ ਵੇਖਣ ਜੋ ਉਨ੍ਹਾਂ ਨੂੰ ਰਾਤ ਨੂੰ ਸੌਣ ਨਾ ਦੇਣ। ਉਨ੍ਹਾਂ ਕਿਹਾ ਕਿ ਕਿਸੇ ਦੀ ਸਫਲਤਾ ਤੋਂ ਪਰੇਸ਼ਾਨ ਨਹੀ ਹੋਣਾ ਚਾਹੀਦਾ ਸਗੋਂ ਸਖ਼ਤ ਮਿਹਨਤ ਕਰ ਕੇ ਖ਼ੁਦ ਸਫਲ ਹੋਣ ਦੀ ਕੋਸ਼ਿਸ਼ ਕਰੋ। ਉਨ੍ਹਾਂ ਪੰਜਾਬ ਦੇ ਨੌਜਵਾਨਾਂ ਨੂੰ ਨਵੀ ਸੋਚ ਅਤੇ ਵੱਖਰਾ ਸੋਚਣ ਦਾ ਸੱਦਾ ਦਿੱਤਾ। ਅਜੋਕੇ ਸਮੇਂ ਅੰਦਰ ਸੋਚ ਦਾ ਦਾਇਰਾ ਵਿਸ਼ਾਲ ਹੋ ਗਿਆ ਹੈ। ਇਹ ਇਕ ਨਵਾਂ ਵਿਚਾਰ ਲਿਆਉਣ ਦਾ ਸਮਾਂ ਹੈ। ਜੇ ਤੁਸੀ ਇਸ ਨੀਤੀ 'ਤੇ ਚੱਲੋਗੇ ਤਾਂ ਸਫਲਤਾ ਤੁਹਾਡੇ ਕਦਮ ਚੁੰਮੇਗੀ। ਉਨ੍ਹਾਂ ਕਿਹਾ ਕਿ ਸੂਬੇ ਦੇ ਹਰ ਪਿੰਡ ਅਤੇ ਸ਼ਹਿਰ ਵਿਚ ਪ੍ਰਤਿਭਾ ਹੈ, ਬੱਸ ਇਸ ਨੂੰ ਨਿਖਾਰਨ ਦੀ ਲੋੜ ਹੈ। ਉਨ੍ਹਾਂ ਦੀ ਸਰਕਾਰ ਇਸ ਦਿਸ਼ਾ ਵੱਲ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਨੂੰ ਮਿਆਰੀ ਬਣਾਉਣ ਲਈ ਸਰਕਾਰ ਵੱਲੋਂ ਸਕੂਲ ਆਫ ਐਮੀਨੈਂਸ ਅਤੇ ਯੂਪੀਐੱਸਸੀ ਕੋਚਿੰਗ ਸੈਂਟਰ ਸਥਾਪਤ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਸੁਨਾਮ ਕਾਲਜ ਵਿਚ ਡਿਜੀਟਲ ਲਾਇਬ੍ਰੇਰੀ, ਕਾਮਰਸ ਵਿਭਾਗ ਦਾ ਨਵਾਂ ਬਲਾਕ ਅਤੇ ਆਧੁਨਿਕ ਸਹੂਲਤਾਂ ਨਾਲ ਲੈਸ ਸਟੇਡੀਅਮ ਬਣਾਉਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸੁਨਾਮ ਕਾਲਜ ਵਿਚ ਕੋਈ ਕਮੀ ਨਹੀ ਰਹਿਣ ਦਿੱਤੀ ਜਾਵੇਗੀ। ਸਮਾਗਮ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਅਰਵਿੰਦ, ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ, ਵਿਧਾਇਕ ਬਰਿੰਦਰ ਗੋਇਲ, ਵਿਧਾਇਕ ਨਰਿੰਦਰ ਕੌਰ ਭਰਾਜ, ਚੇਅਰਮੈਨ ਜਸਵੀਰ ਸਿੰਘ ਕੁਦਨੀ, ਨਾਮਵਰ ਗਾਇਕ ਪੰਮੀ ਬਾਈ, ਗਾਇਕ ਤੇ ਅਦਾਕਾਰ ਕਰਮਜੀਤ ਅਨਮੋਲ, ਮਨਿੰਦਰ ਸਿੰਘ ਲਖਮੀਰਵਾਲਾ, ਹਰਦੀਪ ਸਿੰਘ ਭਰੂਰ, ਕੰਵਰਜੀਤ ਸਿੰਘ ਲੱਕੀ ਧਾਲੀਵਾਲ, ਕੰਵਲਜੀਤ ਸਿੰਘ ਢੀਂਡਸਾ, ਯੂਥ ਕੋਆਰਡੀਨੇਟਰ ਪ੍ਰੋ ਰਾਜਵੀਰ ਕੌਰ, ਮੁਨੀਤਾ ਜੋਸ਼ੀ, ਗੁਰਿੰਦਰਜੀਤ ਸਿੰਘ ਧਾਲੀਵਾਲ ਆਦਿ ਹਾਜ਼ਰ ਸਨ।



ਸੁਨਾਮ 'ਚ ਕਾਲਜ ਦੇ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਤੇ ਹੋਰ ਮੁੱਖ ਮੰਤਰੀ ਭਗਵੰਤ ਮਾਨ ਦਾ ਸਨਮਾਨ ਕਰਦੇ ਹੋਏ।

## ਮੁੱਖ ਮੰਤਰੀ ਨੇ ਕਾਲਜ ਦੇ ਦਿਨਾਂ ਨੂੰ ਕੀਤਾ ਯਾਦ

ਇਸ ਦੌਰਾਨ ਭਗਵੰਤ ਮਾਨ ਨੇ ਆਪਣੇ ਕਾਲਜ ਦੇ ਦਿਨਾਂ ਨੂੰ ਯਾਦ ਕੀਤਾ। ਉਨ੍ਹਾਂ ਆਪਣੇ ਦੋਸਤਾਂ, ਕਲਾਸ ਰੂਮ, ਅਧਿਆਪਕਾਂ, ਕਾਲਜ ਦੀ ਕੰਟੀਨ ਅਤੇ ਬੋਹੜ ਦੇ ਦਰੱਖਤ ਦਾ ਵੀ ਜ਼ਿਕਰ ਕੀਤਾ ਜਿੱਥੇ ਪੰਜਾਬੀ ਅਦਾਕਾਰ ਕਰਮਜੀਤ ਅਨਮੋਲ ਨਾਲ ਬੈਠ ਕੇ ਕਵਿਤਾਵਾਂ ਅਤੇ ਕਾਮੇਡੀ ਸਮੱਗਰੀ ਲਿਖਦੇ ਸਨ। ਉਨ੍ਹਾਂ ਕਿਹਾ ਕਿ ਉਹ ਆਪਣੇ ਕਾਲਜ ਦੇ ਦਿਨਾਂ ਦੌਰਾਨ ਯੁਵਕ ਮੇਲੇ ਵਿਚ ਹਿੱਸਾ ਲੈਣ ਲਈ ਦੋਸਤ ਕਰਮਜੀਤ ਅਨਮੋਲ ਨਾਲ ਆਨੰਦਪੁਰ ਸਾਹਿਬ ਨੇੜੇ ਨੰਗਲ ਕਾਲਜ ਵਿਚ ਖੇਤਰੀ ਯੁਵਕ ਮੇਲੇ ਵਿਚ ਸ਼ਮੂਲੀਅਤ ਕਰਨ ਲਈ ਗਿਆ ਸੀ। ਉਨ੍ਹਾਂ ਦੱਸਿਆ ਕਿ ਉਥੇ ਪਹੁੰਚ ਕੇ ਉਸ ਨੂੰ ਡਰ ਸਤਾਉਣ ਲੱਗਾ ਕਿ ਜੇ ਉਨ੍ਹਾਂ ਨੇ ਕੋਈ ਇਨਾਮ ਨਾ ਜਿੱਤਿਆ ਤਾਂ ਉਸ ਨੂੰ ਕਾਲਜ ਵਿਚ ਨਮੋਸ਼ੀ ਦਾ ਸਾਹਮਣਾ ਕਰਨਾ ਪਵੇਗਾ। ਇਸ ਤੋਂ ਬਚਣ ਲਈ ਅਸੀ ਦੋਵਾਂ ਨੇ ਬਾਜ਼ਾਰ ਤੋਂ ਯਾਦਗਾਰੀ ਚਿੰਨ੍ਹ ਖ਼ਰੀਦ ਲਿਆ ਪਰ ਉਸ ਨੇ ਯੁਵਕ ਮੇਲੇ ਵਿਚ ਚਾਰ-ਪੰਜ ਇਨਾਮ ਜਿੱਤੇ। ਮੁੱਖ ਮੰਤਰੀ ਨੇ ਕਿਹਾ ਕਿ ਬਾਜ਼ਾਰ 'ਚੋਂ ਖ਼ਰੀਦਿਆ ਯਾਦਗਾਰੀ ਚਿੰਨ੍ਹ ਅੱਜ ਵੀ ਪਿੰਡ ਸਤੌਜ ਵਿਖੇ ਉਨ੍ਹਾਂ ਦੇ ਜੱਦੀ ਘਰ ਵਿਚ ਰੱਖਿਆ ਹੋਇਆ ਹੈ ਜੋ ਉਸ ਨੂੰ ਹਮੇਸ਼ਾ ਜਿੱਤ ਲਈ ਪ੍ਰੇਰਿਤ ਕਰਦਾ ਹੈ।

# ਮੁੱਖ ਮੰਤਰੀ ਨੇ ਨੌਜਵਾਨਾਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਵਚਨਬੱਧਤਾ ਦੁਹਰਾਈ

***ਨੌਜਵਾਨਾਂ ਦੀ ਸ਼ਖ਼ਸੀਅਤ ਨਿਖਾਰਨ ਲਈ ਯੁਵਕ ਮੇਲੇ ਢੁੱਕਵਾਂ ਪਲੇਟਫਾਰਮ *ਯੁਵਕ ਮੇਲੇ 'ਚ ਕਾਲਜ ਦੇ ਦਿਨਾਂ ਨੂੰ ਯਾਦ ਕੀਤਾ**






*ਸੁਨਾਮ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸਨਮਾਨਿਤ ਕਰਦੇ ਪ੍ਰਬੰਧਕ ਅਤੇ (ਸੱਜੇ) ਯੁਵਕ ਮੇਲੇ ਦੌਰਾਨ ਪੇਸ਼ਕਾਰੀ ਦਿੰਦੀਆਂ ਵਿਦਿਆਰਥਣਾਂ।* (ਬਾਂਸਲ)

ਸੁਨਾਮ/ਚੰਡੀਗੜ੍ਹ/ਜਲੰਧਰ, 5 ਨਵੰਬਰ (ਬਾਂਸਲ, ਹਰੀਸ਼ਚੰਦਰ, ਧਵਨ) – ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।

ਅੱਜ ਸੁਨਾਮ ਵਿਖੇ ਖੇਤਰੀ ਯੁਵਕ ਮੇਲੇ ਦੀ ਪ੍ਰਧਾਨਗੀ ਕਰਨ ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵਲੋਂ ਨੌਜਵਾਨਾਂ ਦੀ ਭਲਾਈ ਲਈ ਕੋਈ ਕਸਰ ਬਾਕੀ ਨਹੀਂ ਛੱਡ ਜਾ ਰਹੀ। ਉਨ੍ਹਾਂ ਕਿਹਾ ਕਿ ਇਕ ਪਾਸੇ ਨੌਜਵਾਨਾਂ ਨੂੰ ਨੌਕਰੀਆਂ ਮੁਹੱਈਆ ਕਰਨ ਲਈ ਵਿਸ਼ੇਸ਼ ਕਦਮ ਚੁੱਕੇ ਗਏ ਹਨ ਅਤੇ ਦੂਜੇ ਪਾਸੇ ਸੂਬੇ ਵਿਚ ਉਨ੍ਹਾਂ ਦੀ ਬੇਅੰਤ ਊਰਜਾ ਨੂੰ ਸਹੀ ਦਿਸ਼ਾ ਵਿਚ ਲਾਉਣ ਲਈ ਵੱਡੇ ਉਪਰਾਲੇ ਕੀਤੇ ਗਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਉਪਰਾਲੇ ਆਉਣ ਵਾਲੇ ਦਿਨਾਂ ਵਿਚ ਵੀ ਜਾਰੀ ਰੱਖੇ ਜਾਣਗੇ ਜਿਸ ਲਈ ਸੂਬਾ ਸਰਕਾਰ ਨੇ ਪਹਿਲਾਂ ਹੀ ਖਾਕਾ ਤਿਆਰ ਕਰ ਲਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਜਿਸ ਤਰ੍ਹਾਂ ਹਵਾਈ ਅੱਡਿਆਂ 'ਤੇ ਰਨਵੇ ਹਵਾਈ ਜਹਾਜ਼ ਨੂੰ ਸਹੀ ਢੰਗ ਨਾਲ ਉਡਾਣ ਭਰਨ ਲਈ ਸਹਾਈ ਹੁੰਦਾ ਹੈ, ਉਸੇ ਤਰ੍ਹਾਂ ਸੂਬਾ ਸਰਕਾਰ ਨੌਜਵਾਨਾਂ ਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਮਦਦ ਕਰ ਰਹੀ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਨੌਜਵਾਨਾਂ ਦੇ ਵਿਚਾਰਾਂ ਨੂੰ ਖੰਭ ਦੇਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਨੌਜਵਾਨਾਂ ਨੂੰ ਸਮਾਜ ਵਿਚ ਆਪਣੀ ਵੱਖਰੀ ਪਛਾਣ ਕਾਇਮ ਕਰਨ ਲਈ ਹਰ ਸੰਭਵ ਯਤਨ ਕਰਨ ਦੀ ਅਪੀਲ ਕੀਤੀ।

ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜਿੱਤ 'ਤੇ ਮਾਣ ਨਾ ਕਰਨ ਸਗੋਂ ਨਿਮਰ ਹੋ ਕੇ ਕੰਮ ਕਰਨ ਅਤੇ ਹੋਰ ਸਫਲਤਾ ਹਾਸਲ ਕਰਨ ਲਈ ਸਖ਼ਤ ਮਿਹਨਤ ਕਰਨ। ਉਨ੍ਹਾਂ ਕਿਹਾ ਕਿ ਆਤਮ-ਵਿਸ਼ਵਾਸ ਅਤੇ ਹਾਂਪੱਖੀ ਪਹੁੰਚ ਹਰ ਵਿਅਕਤੀ ਦੀ ਸ਼ਖ਼ਸੀਅਤ ਦੇ ਮੂਲ ਗੁਣ ਹੋਣੇ ਚਾਹੀਦੇ ਹਨ ਪਰ ਇਸ ਵਿਚ ਕੋਈ ਹੰਕਾਰ ਨਹੀਂ ਹੋਣਾ ਚਾਹੀਦਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਰ ਖੇਤਰ ਵਿਚ ਸਫ਼ਲਤਾ ਦੀ ਸਕ੍ਰਿਪਟ ਲਿਖਣ ਲਈ ਇਹੀ ਕੁੰਜੀ ਹੈ ਅਤੇ ਇਸ ਨੂੰ ਸਹੀ ਮਾਅਨਿਆਂ ਵਿਚ ਲਾਗੂ ਕਰਨਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਆਪਣੇ ਕਾਲਜ ਦੇ ਦਿਨਾਂ ਨੂੰ ਯਾਦ ਕਰਦਿਆਂ ਕਿਹਾ ਕਿ ਯੁਵਕ ਮੇਲੇ ਨੌਜਵਾਨਾਂ ਦੀ ਸਮੁੱਚੀ ਸ਼ਖ਼ਸੀਅਤ ਨੂੰ ਨਿਖਾਰਨ ਲਈ ਮੰਚ ਵਜੋਂ ਭੂਮਿਕਾ ਅਦਾ ਕਰਦੇ ਹਨ।

ਉਨ੍ਹਾਂ ਕਿਹਾ, "ਯੁਵਕ ਮੇਲਿਆਂ ਨੇ ਮੈਨੂੰ ਇਕ ਕਲਾਕਾਰ ਵਜੋਂ ਅਤੇ ਹੁਣ ਇਕ ਸਿਆਸਤਦਾਨ ਵਜੋਂ ਜ਼ਿੰਦਗੀ ਵਿਚ ਬੁਲੰਦੀ ਹਾਸਲ ਕਰਨ ਵਿਚ ਮਦਦ ਕੀਤੀ ਹੈ। ਨੌਜਵਾਨਾਂ ਨੂੰ ਵੀ ਆਪਣੀ ਸ਼ਖ਼ਸੀਅਤ ਵਿਕਾਸ ਲਈ ਇਨ੍ਹਾਂ ਮੰਚਾਂ ਦੀ ਢੁਕਵੀਂ ਵਰਤੋਂ ਕਰਨੀ ਚਾਹੀਦੀ ਹੈ।"

ਆਪਣੇ ਕਾਲਜ ਦੇ ਦਿਨਾਂ ਨੂੰ ਚੇਤੇ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਵੱਖ-ਵੱਖ ਯੁਵਕ ਮੇਲਿਆਂ ਵਿਚ ਪ੍ਰਦਰਸ਼ਨ ਕੀਤਾ ਅਤੇ ਕਾਲਜ ਲਈ ਟਰਾਫੀਆਂ ਜਿੱਤੀਆਂ। ਭਗਵੰਤ ਸਿੰਘ ਮਾਨ ਨੇ ਕਿਹਾ, "ਜਿੱਤਣਾ ਹੀ ਮੇਰਾ ਇਕੋ-ਇਕ ਜਨੂੰਨ ਹੈ ਅਤੇ ਜਿੱਤ ਲਈ ਮੈਂ ਹਮੇਸ਼ਾ ਹਾਂਪੱਖੀ ਸੋਚ ਰੱਖੀ ਹੈ। ਨੌਜਵਾਨਾਂ ਨੂੰ ਵੀ ਦ੍ਰਿੜਤਾ ਨਾਲ ਕੰਮ ਕਰਨ ਅਤੇ ਮਿਹਨਤ ਵਿਚ ਵਿਸ਼ਵਾਸ ਰੱਖਣਾ ਚਾਹੀਦਾ ਹੈ ਕਿਉਂਕਿ ਇਹੀ ਸਫਲਤਾ ਦੀ ਕੁੰਜੀ ਹੈ।"

ਮੁੱਖ ਮੰਤਰੀ ਨੇ ਕਿਹਾ ਕਿ ਇਹ ਕਾਲਜ ਉਨ੍ਹਾਂ ਨੂੰ ਸਫ਼ਲ ਅਤੇ ਵਧੀਆ ਇਨਸਾਨ ਬਣਨ ਦਾ ਮੰਚ ਮੁਹੱਈਆ ਕਰਦਾ ਹੈ। ਕਾਲਜ ਪ੍ਰਬੰਧਕਾਂ ਵਲੋਂ ਕੀਤੀਆਂ ਜਾ ਰਹੀਆਂ ਮੰਗਾਂ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਫੰਡਾਂ ਦੀ ਕੋਈ ਕਮੀ ਨਹੀਂ ਹੈ ਕਿਉਂਕਿ ਸਰਕਾਰ ਦਾ ਮੁੱਖ ਏਜੰਡਾ ਸਿੱਖਿਆ ਦਾ ਪਾਸਾਰ ਕਰਨਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਡਿਜੀਟਲ ਲਾਇਬ੍ਰੇਰੀ, ਅੱਠ ਕਮਰੇ, ਇਨਡੋਰ ਸਟੇਡੀਅਮ ਅਤੇ ਹੋਰ ਮੰਗਾਂ ਵੀ ਜਲਦ ਪੂਰੀਆਂ ਕੀਤੀਆਂ ਜਾਣਗੀਆਂ।

ਪੰਜਾਬੀ ਜਾਗਰਣ

# ਨੌਜਵਾਨਾਂ ਦੇ ਹਿੱਤਾਂ ਲਈ ਸਰਕਾਰ ਯਤਨਸ਼ੀਲ : ਚੀਮਾ

**ਪੱਤਰ ਪ੍ਰੇਰਕ, ਸੁਨਾਮ** : ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਵਿਖੇ ਚੱਲ ਰਹੇ ਖੇਤਰੀ ਯੁਵਕ ਮੇਲੇ ਦੇ ਤੀਜੇ ਦਿਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾਂ ਨੇ ਕਿਹਾ ਕਿ ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਅਜਿਹੇ ਖੇਤਰੀ ਯੁਵਕ ਮੇਲੇ ਸਾਡੀ ਨੌਜਵਾਨ ਪੀੜ੍ਹੀ ਨੂੰ ਅਮੀਰ ਵਿਰਸੇ ਨਾਲ ਜੋੜਦੇ ਹਨ। ਇਸ ਲਈ ਨੌਜਵਾਨਾਂ ਨੂੰ ਇਨ੍ਹਾਂ ਵਿੱਚ ਵੱਧ ਤੋਂ ਵੱਧ ਹਿੱਸਾ ਲੈਣਾ ਚਾਹੀਦਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਸਿੱਖਿਆ ਦੇ ਨਾਲ-ਨਾਲ ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰ ਰਹੀ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ਼ ਨੇ ਕਈ ਮਹਾਨ ਸ਼ਖ਼ਸੀਅਤਾਂ ਨੂੰ ਮੁਲਕ ਦੀ ਸੇਵਾ ਕਰਨ ਦੇ ਯੋਗ ਬਣਾਇਆ ਹੈ ਜਿਨ੍ਹਾਂ ਨੇ ਆਪਣੀ ਪੜ੍ਹਾਈ ਦੌਰਾਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਿਆ ਹੈ। ਉਨ੍ਹਾਂ ਕਿਹਾ ਮਾਣ ਵਾਲੀ ਗੱਲ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਵੀ ਇਸੇ ਕਾਲਜ ਦੇ ਵਿਦਿਆਰਥੀ ਰਹੇ ਹਨ। ਇਸ ਤੋਂ ਇਲਾਵਾ ਕਈ ਮਹਾਨ ਖਿਡਾਰੀ ਅਤੇ ਹੋਰ ਸ਼ਖ਼ਸੀਅਤਾਂ ਦਾ ਇਸ ਕਾਲਜ ਵਿੱਚ ਯੋਗਦਾਨ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਮਹਾਨ ਸ਼ਹੀਦ ਊਧਮ ਸਿੰਘ ਦੇ ਮਹਾਨ ਆਦਰਸ਼ਾਂ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੱਤਾ, ਵਿਦਿਆਰਥੀਆਂ ਨੂੰ ਵੀ ਆਪੋ-ਆਪਣੇ ਖੇਤਰ ਵਿੱਚ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ ਤਾਂ ਜੋ ਉਹ ਆਪਣੀ ਜ਼ਿੰਦਗੀ ਦਾ ਅਸਲ ਮੁਕਾਮ ਹਾਸਲ ਕਰ ਸਕਣ। ਇਸ ਮੌਕੇ ਕਾਲਜ ਦੀ ਪ੍ਰਬੰਧਕੀ ਟੀਮ ਨੇ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਕਾਲਜ਼ ਦੇ ਪ੍ਰਿੰਸੀਪਲ ਡਾਕਟਰ ਹਰਵਿੰਦਰ ਸਿੰਘ, ਓ ਐਸ ਏ ਦੇ ਪ੍ਰਧਾਨ ਐਡਵੋਕੇਟ ਹਰਦੀਪ ਸਿੰਘ ਭਰੂਰ, ਕੰਵਰਜੀਤ ਸਿੰਘ ਲੱਕੀ ਧਾਲੀਵਾਲ, ਕੰਵਲਜੀਤ ਸਿੰਘ ਢੀਂਡਸਾ, ਯੂਥ ਕੋਆਰਡੀਨੇਟਰ ਪ੍ਰੋ ਰਾਜਵੀਰ ਕੌਰ, ਪ੍ਰੋਫੈਸਰ ਮੁਖਤਿਆਰ ਸਿੰਘ, ਨਰਦੀਪ ਸਿੰਘ, ਗਗਨਦੀਪ ਸਿੰਘ, ਡਾਕਟਰ ਰਮਨਦੀਪ ਕੌਰ, ਡਾਕਟਰ ਮਨਪ੍ਰੀਤ ਕੌਰ ਹਾਂਡਾ, ਮੁਨੀਤਾ ਜੋਸ਼ੀ, ਚਮਕੌਰ ਸਿੰਘ, ਡਾਕਟਰ ਕੁਲਦੀਪ ਸਿੰਘ ਬਾਹੀਆ ਸਮੇਤ ਹੋਰ ਸਟਾਫ ਮੈਂਬਰ ਤੇ ਪਤਵੰਤੇ ਹਾਜ਼ਰ ਸਨ।



ਸੁਨਾਮ ਵਿਖੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾਂ ਨੂੰ ਸਨਮਾਨਿਤ ਕਰਦੇ ਹੋਏ।


New

ਪੰਜਾਬੀ ਜਾਗਰਣ

# ਸੁਨਾਮ ਕਾਲਜ ਦਾ ਟਰਾਫ਼ੀ ’ਤੇ ਕਬਜ਼ਾ

**ਪੱਤਰ ਪ੍ਰੇਰਕ, ਸੁਨਾਮ** : ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਵਿਖੇ ਕਰਵਾਏ ਚਾਰ ਰੋਜ਼ਾ ਖੇਤਰੀ ਯੁਵਕ ਅਤੇ ਲੋਕ ਮੇਲੇ ਦੀ ਓਵਰਆਲ ਟਰਾਫ਼ੀ ਤੇ ਮੇਜ਼ਬਾਨ ਸੁਨਾਮ ਕਾਲਜ਼ ਨੇ ਆਪਣੀ ਕਲਾ ਦਾ ਜੌਹਰ ਦਿਖਾਉਂਦਿਆਂ ਇੱਕ ਵਾਰ ਫੇਰ ਕਬਜ਼ਾ ਕੀਤਾ । ਕਾਲਜ਼ ਦੇ ਪ੍ਰਿੰਸੀਪਲ ਡਾਕਟਰ ਹਰਵਿੰਦਰ ਸਿੰਘ ਨੇ ਯੁਵਕ ਮੇਲੇ ਦੀ ਓਵਰਆਲ ਟਰਾਫ਼ੀ ਜਿੱਤਣ ਤੇ ਕਾਲਜ਼ ਦੇ ਵਿਦਿਆਰਥੀ ਕਲਾਕਾਰਾਂ ਅਤੇ ਸਟਾਫ ਮੈਂਬਰਾਂ ਨੂੰ ਮੁਬਾਰਕਬਾਦ ਦਿੱਤੀ।ਇਸ ਮੇਲੇ ਸੰਬੰਧੀ ਯੂਥ ਕੋਆਰਡੀਨੇਟਰ ਪ੍ਰੋ.ਰਾਜਵੀਰ ਕੌਰ ਨੇ ਦੱਸਿਆ ਕਿ ਖੇਤਰੀ ਯੁਵਕ ਮੇਲੇ ਵਿੱਚ ਸੰਗਰੂਰ ਜ਼ੋਨ ਦੇ 51 ਕਾਲਜਾਂ ਨੇ ਭਾਗ ਲਿਆ ਜਿਸ ਵਿੱਚ ਕਾਲਜ ਨੇ ਵੱਖ-ਵੱਖ ਆਈਟਮਾਂ ਜਿਵੇਂ ਕਿ ਨੁੱਕੜ ਨਾਟਕ, ਰਵਾਇਤੀ ਲੋਕ ਗੀਤ, ਕਲਾਸੀਕਲ ਡਾਂਸ, ਵਾਰ ਗਾਇਨ, ਪ੍ਰਕਸ਼ਨ , ਕਵੀਸ਼ਰੀ, ਨਾਲਾ ਬੁਣਨਾ, ਪੱਖੀ ਬੁਨਾਉਣਾ, ਗੁੱਡੀਆਂ ਪਟੋਲੇ, ਮਿੱਟੀ ਦੇ ਖਿਡੌਣੇ, ਮੌਕੇ ’ਤੇ ਚਿੱਤਰਕਾਰੀ, ਰੰਗੋਲੀ, ਪੋਸਟਰ ਮੇਕਿੰਗ, ਕਾਰਟੂਨਿੰਗ, ਇੰਸਟਾਲੇਸ਼ਨ ਆਈਟਮਾਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਮਲਵਈ ਗਿੱਧਾ, ਕਲੀ ਗਾਇਨ , ਕਢਾਈ ,ਰੱਸਾ ਵੱਟਣਾ, ਟੋਕਰੀ ਬਣਾਉਣਾ, ਕੋਲਾਜ ਮੇਕਿੰਗ ਆਈਟਮਾਂ ਵਿੱਚ ਦੂਸਰਾ ਸਥਾਨ ਹਾਸਿਲ ਕੀਤਾ । ਇਸੇ ਤਰ੍ਹਾਂ ਕਲੇਅ ਮਾਡਲਿੰਗ, ਛਿਕੂ ਬਣਾਉਣਾ, ਖਿੱਦੋ ਬਣਾਉਣਾ, ਗਿੱਧਾ, ਸਕਿੱਟ ਵਿਚ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਤੋਂ ਇਲਾਵਾ ਕਾਲਜ ਨੇ ਓਵਰਆਲ ਫਾਈਨ ਆਰਟਸ, ਓਵਰਆਲ ਫੋਕ ਆਰਟਸ, ਓਵਰਆਲ ਥੀਏਟਰ, ਓਵਰਆਲ ਮਿਊਜ਼ਿਕ ਦੀ ਟਰਾਫ਼ੀ ’ਤੇ ਜਿੱਤ ਪ੍ਰਾਪਤ ਕੀਤੀ । ਉਨ੍ਹਾਂ ਕਿਹਾ ਕਿ ਮੇਜ਼ਬਾਨ ਸੁਨਾਮ ਕਾਲਜ਼ ਨੇ ਰਿਕਾਰਡਤੋੜ ਜਿੱਤ ਪ੍ਰਾਪਤ ਕਰਦਿਆਂ ਓਵਰਆਲ ਚੈਂਪੀਅਨ ਬਣਨ ਦਾ ਮਾਣ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਦੇ ਹਿੱਸੇ ਆਇਆ , ਫਸਟ ਰਨਰਅੱਪ ਸਰਕਾਰੀ ਰਣਬੀਰ ਕਾਲਜ ਸੰਗਰੂਰ ਤੇ ਸੈਕਿੰਡ ਰਨਰਅੱਪ ਸਰਕਾਰੀ ਰਿਪੁਦਮਨ ਕਾਲਜ ਨਾਭਾ, ਰਿਹਾ । ਇਸ ਮੌਕੇ ਵੱਖ-ਵੱਖ ਆਈਟਮਾਂ ਦੇ ਇੰਚਾਰਜ ਪ੍ਰੋ.ਸੰਦੀਪ ਸਿੰਘ, ਪ੍ਰੋ. ਮੁਖਤਿਆਰ ਸਿੰਘ, ਪ੍ਰੋ.ਕੁਲਦੀਪ ਸਿੰਘ ਬਾਹੀਆ,ਪ੍ਰੋ. ਸਤਿੰਦਰ ਸਿੰਘ,ਪ੍ਰੋ. ਰਮਨਦੀਪ ਕੌਰ,ਪ੍ਰੋ. ਨੀਤੂ ਸ਼ਰਮਾ, ਪ੍ਰੋ.ਗਗਨਦੀਪ ਸਿੰਘ, ਪ੍ਰੋ. ਮਨਪ੍ਰੀਤ ਕੌਰ ਹਾਂਡਾ, ਪ੍ਰੋ.ਰਮਨਦੀਪ ਸਿੰਘ ਤੇ ਪ੍ਰੋ. ਰਸ਼ਮੀ ਆਦਿ ਹਾਜ਼ਰ ਸਨ।



**ਖ਼ੇਤਰੀ ਯੁਵਕ ਮੇਲੇ ਦੀ ਓਵਰਆਲ ਟਰਾਫ਼ੀ ਜਿੱਤਣ ਤੋਂ ਬਾਅਦ ਵਿਦਿਆਰਥੀ ਤੇ ਸਟਾਫ ਮੈਂਬਰ ਖੁਸ਼ੀ ਸਾਂਝੀ ਕਰਦੇ ਹੋਏ।**


ਸੁਨਾਮ ਊਧਮ ਸਿੰਘ ਵਾਲਾ


V.I.P


ਖੇਤਰੀ
ਮਿਤੀ